www.a2zpapers.com

Exam. Code : 110002
Subject Code : 8103

B.Voc. Web Technology & Multimedia 2nd Semester

# PUNJABI COMPULSORY

## Paper—112 (i)

Time Allowed—Three Hours] [Maximum Marks—50

1. "ਸਾਹਿਤ ਅਤੇ ਲੋਕ ਸਾਹਿਤ" ਨਿਬੰਧ ਦਾ ਵਿਸ਼ਾ-ਵਸਤੂ ਲਿਖੋ।

ਜਾਂ

"ਮਨੁੱਖੀ ਅਧਿਕਾਰ" ਨਿਬੰਧ ਦਾ ਸਾਰ ਲਿਖੋ। 10

2. "ਉਜਾੜ" ਕਹਾਣੀ ਦਾ ਵਿਸ਼ਾ-ਵਸਤੂ ਲਿਖੋ। 10

3. ਸ਼ਬਦ ਨੂੰ ਪਰਿਭਾਸ਼ਤ ਕਰਕੇ ਸ਼ਬਦ-ਬਣਤਰ ਅਤੇ ਸ਼ਬਦ-ਰਚਨਾ ਦੇ ਮੁੱਢਲੇ ਸੰਕਲਪਾਂ ਬਾਰੇ ਚਰਚਾ ਕਰੋ। 10

4. ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ ਪੈਰਾ-ਰਚਨਾ ਕਰੋ :

(ੳ) ਰਾਸ਼ਟਰਵਾਦ ਅਤੇ ਸੰਪ੍ਰਦਾਇਕਤਾ

(ਅ) ਵਿਸ਼ਵੀਕਰਨ

(ੲ) ਮਾਤ ਭਾਸ਼ਾ ਦਾ ਮਹੱਤਵ। 5

5. ਹੇਠ ਲਿਖਿਆ ਪੈਰਾ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ :

ਪੁਰਾਣੇ ਪੰਜਾਬ ਵਿੱਚ ਕੁੜੀਆਂ ਨੂੰ ਬਾਲੜੀ ਉਮਰੇ ਹੀ ਵਿਆਹ ਦਿੱਤਾ ਜਾਂਦਾ ਸੀ। ਨਿੱਕੀ ਉਮਰੇ ਵਿਆਹ ਦੇਣ ਨਾਲ ਕੁੜੀਆਂ ਵੱਲੋਂ ਸੰਭਾਵੀ ਖਤਰੇ ਘਟ ਕਰ ਲਏ ਜਾਂਦੇ ਸਨ। ਇਹ ਕਬੀਲਾਈ ਰਸਮਾਂ



www.a2zpapers.com

www.a2zpapers.com

ਦੀ ਅਨੁਸਾਰਤਾ ਸੀ। ਕੁੜੀਆਂ 7-8 ਸਾਲ ਦੀਆਂ ਹੁੰਦੀਆਂ ਤਾਂ ਉਹਨਾਂ ਦਾ ਵਿਆਹ ਕਰ ਦਿੱਤਾ ਜਾਂਦਾ ਅਤੇ 4-5 ਸਾਲਾਂ ਦੇ ਬਾਅਦ ਉਹਨਾਂ ਦੇ ਮੁਕਲਾਵੇ ਤੋਰ ਦਿੱਤੇ ਜਾਂਦੇ। ਕੁੜੀ ਨੂੰ ਵਿਆਹ ਵਾਲੇ ਦਿਨ ਦਹੀਂ ਚੜ੍ਹਾਇਆ ਜਾਂਦਾ ਤਾਂ ਖਾਰੇ ਉੱਤੇ ਉਹ ਤੁਰਕੇ ਨਹੀਂ ਜਾਂਦੀ ਸੀ, ਸਗੋਂ ਉਸ ਨੂੰ ਉਸ ਦਾ ਮਾਮਾ ਚੁੱਕ ਕੇ ਲਿਜਾਂਦਾ ਸੀ। ਜਦ ਫੇਰੇ ਹੋਣੇ ਹੁੰਦੇ ਤਾਂ ਕੁੜੀ ਫੇਰਿਆਂ ਦੇ ਪੰਡਾਲ ਵਿੱਚ ਪੈਰੀਂ ਚੱਲ ਕੇ ਨਹੀਂ ਸੀ ਜਾਂਦੀ ਸਗੋਂ ਉਸ ਨੂੰ ਉਸ ਦਾ ਵੱਡਾ ਭਰਾ ਚੁਕ ਕੇ ਹੀ ਖੜਦਾ ਸੀ। ਕੁੜੀ ਦੇ ਉੱਪਰ ਸੂਹੀ ਫੁਲਕਾਰੀ ਲਪੇਟ ਦਿੱਤੀ ਜਾਂਦੀ ਅਤੇ ਪੱਕੀ ਤਰ੍ਹਾਂ ਯਕੀਨ ਕਰ ਲਿਆ ਜਾਂਦਾ ਕਿ ਉਸਦਾ ਕੋਈ ਵੀ ਅੰਗ ਦਿਸਦਾ ਨਹੀਂ। ਪੈਰਾਂ ਵਿੱਚ ਜੁਰਾਬਾਂ ਪਾ ਦਿੱਤੀਆਂ ਜਾਂਦੀਆਂ ਅਤੇ ਹੱਥ ਪੂਰੀ ਤਰ੍ਹਾਂ ਲਪੇਟ ਦਿੱਤੇ ਜਾਂਦੇ। ਕੁੜੀ ਗੁੱਛਾ ਮੁੱਛਾ ਹੋ ਕੇ ਜਦ ਬੈਠ ਜਾਂਦੀ ਤਾਂ ਸਮਝਿਆ ਜਾਂਦਾ ਕਿ ਕੁੜੀ ਫੇਰਿਆਂ ਵਾਸਤੇ ਤਿਆਰ ਹੈ।

(ੳ) ਪੁਰਾਣੇ ਪੰਜਾਬ ਵਿੱਚ ਕੁੜੀਆਂ ਨੂੰ ਛੋਟੀ ਉਮਰੇ ਕਿਉਂ ਵਿਆਹ ਦਿੱਤਾ ਜਾਂਦਾ ਸੀ?

(ਅ) ਕੁੜੀਆਂ ਦਾ ਛੋਟੀ ਉਮਰੇ ਵਿਆਹ ਕਿਸ ਦੀ ਅਨੁਸਾਰਤਾ ਸੀ?

(ੲ) ਕੁੜੀਆਂ ਦਾ ਵਿਆਹ ਤੇ ਮੁਕਲਾਵਾ ਆਮ ਤੌਰ ਤੇ ਕਿੰਨੀ ਉਮਰ ਵਿੱਚ ਹੁੰਦਾ ਸੀ?

(ਸ) ਫੇਰਿਆਂ ਲਈ ਕੁੜੀ ਨੂੰ ਕਿਵੇਂ ਲਿਜਾਇਆ ਜਾਂਦਾ ਸੀ?

(ਹ) ਕੁੜੀ ਨੂੰ ਫੇਰਿਆਂ ਵਾਸਤੇ ਕਿਵੇਂ ਤਿਆਰ ਕੀਤਾ ਜਾਂਦਾ ਸੀ?

5×1=5



www.a2zpapers.com

www.a2zpapers.com

6. ਹੇਠ ਲਿਖੇ ਅਖਾਣਾਂ ਅਤੇ ਮੁਹਾਵਰਿਆਂ ਵਿੱਚੋਂ ਪੰਜ-ਪੰਜ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਇਹਨਾਂ ਦੇ ਅਰਥ ਸਪੱਸ਼ਟ ਹੋ ਜਾਣ :

ਅਖਾਣ : ਕੋਈ ਮਰੇ ਕੋਈ ਜੀਵੇ ਸੁਥਰਾ ਘੋਲ ਪਤਾਸੇ ਪੀਵੇ, ਜਿੱਧਰ ਗਈਆਂ ਬੇੜੀਆਂ ਉੱਧਰ ਗਏ ਮਲਾਹ, ਜੋ ਸੁਖ ਛੱਜੂ ਦੇ ਚੁਬਾਰੇ ਉਹ ਬਲਖ਼ ਨਾ ਬੁਖ਼ਾਰੇ, ਜਾਂ ਵਾਹ ਪਿਆ ਜਾਣੀਏਂ ਜਾਂ ਰਾਹ ਪਿਆ ਜਾਣੀਏਂ, ਧੋਬੀ ਦਾ ਕੁੱਤਾ ਨਾ ਘਰ ਦਾ ਨਾ ਘਾਟ ਦਾ, ਪੱਲੇ ਨਹੀਂ ਧੇਲਾ ਤੇ ਕਰਦੀ ਮੇਲਾ ਮੇਲਾ, ਨਵਾਂ ਨੌਂ ਦਿਨ ਪੁਰਾਣਾ ਸੌ ਦਿਨ, ਘੜੇ ਨੂੰ ਹੱਥ ਲਾਇਆ ਸਾਰਾ ਟੱਬਰ ਤਿਹਾਇਆ।

ਮੁਹਾਵਰੇ : ਘੋੜੇ ਵੇਚ ਕੇ ਸੌਣਾ, ਚਾਂਦੀ ਦੀ ਜੁੱਤੀ ਮਾਰਨਾ, ਗੁੱਡੀ ਚੜ੍ਹਨੀ, ਅੱਖਾਂ ਮੀਟ ਜਾਣਾ, ਇੱਲ ਦਾ ਨਾਂ ਕੋ ਕੋ ਨਾ ਆਉਣਾ, ਇੱਕ ਅੱਖ ਨਾਲ ਵੇਖਣਾ, ਅਕਲ 'ਤੇ ਪਰਦਾ ਪੈਣਾ। 5+5=10



www.a2zpapers.com